The Tribune
CHANDIGARH | TUESDAY | 12 JUNE 2018



# ₹590-cr tourism push for state

## 30 tourist destinations to be transformed, says minister Sidhu

TRIBUNE NEWS SERVICE

CHANDIGARH, JUNE 11

Cultural Affairs and Tourism Minister Navjot Singh Sidhu on Monday announced an ambitious project to transform 30 tourist destinations in the state at a cost of Rs 590.97 crore.

Presiding over a department meeting, Sidhu said Amritsar would remain the centre of tourist activity, with its 11 destinations on the list.

The department is availing a loan of Rs 344 crore from Asian Development Bank (ADB), which has already been sanctioned. Besides, it will get a grant of Rs 96.97 crore to revamp religious and historical cities under the Centre's Swadesh Darshan Scheme.

At least Rs 50 crore will be spent on Amritsar city under the "prasad" scheme.


The department has earmarked Rs 100 crore for Mughal Circuit, under which historical spots linked with the Mughal era would be revamped.

Another project, Maharaja Circuit, for the cities having connection with princely states is in its initial stage. In the first phase, Amritsar, Kalanaur, Harike Pattan, Kapurthala and Hussainiwala will be visited from June 15 onwards by the minister and officials for meetings with local officers to discuss the modalities.

Instructions have been issued to open restaurants on the PPP mode at Virasat-e-Khalsa, Anandpur Sahib, and Shaheed Bhagat Singh Museum, Khatkar Kalan.

Sidhu said: "Whatever we offer has to be of world-class to attract people. Facilities like restaurants, parking and toilets are a must at any tourist place."

The sites which would be revamped included Heritage Street, Wagah border, Gobindgarh Fort, Jallianwala Bagh, Partition Museum, War Memorial, Pul Moran, Bhagwan Valmiki Tirath Sthal, Maharaja Ranjit Singh Summer Place (Rambagh) and Saada Pind, all in Amritsar; treaty spot of Maharaja Ranjit Singh and Lord William Bentick (Ropar), Bathinda Fort, Patti Fort, Bahadurgarh Fort (Patiala), Virasat-e-Khalsa (Anandpur Sahib), Theme Park (Chamkaur Sahib), Aam Khas Bagh (Sirhind), coronation spot of Mughal emperor Akbar (Kalanaur in Gurdaspur), Samadh Bab[illegible]ngh, Shaheed-e-Azam Bh[illegible]t Singh Museum (Khatkar Kalan), Jang-e-Azadi memorial (Kartarpur), Sarai Lashkari Khan (Doraha), Sarai Shambhu, Sarai Noor Mahal, Banasar Bagh Sangrur, Durbar Hall (Kapurthala), and Moorish Mosque (Kapurthala).



Instructions have been issued to open restaurants at Virasat-e-Khalsa, Anandpur Sahib. FILE PHOTO

> Amritsar will remain the centre of tourist activity, with its 11 destinations on the list. Whatever we offer has to be of world-class to attract people. Facilities like restaurants, parking and toilets are a must at any tourist place
>
> Navjot Singh Sidhu, CULTURAL AFFAIRS AND TOURISM MINISTER

ਅਜੀਤ, ਚੰਡੀਗੜ੍ਹ
ਮੰਗਲਵਾਰ, 12 ਜੂਨ 2018

# ਸੂਬੇ ਦੀਆਂ 30 ਥਾਵਾਂ ਬਣਨਗੀਆਂ ਸੈਲਾਨੀਆਂ ਲਈ ਖਿੱਚ ਦਾ ਕੇਂਦਰ-ਸਿੱਧੂ

## ਇਕ ਸਾਲ ਦੇ ਅੰਦਰ ਸਾਰੇ ਪ੍ਰਾਜੈਕਟ ਮੁਕੰਮਲ ਕਰਨ ਦੇ ਨਿਰਦੇਸ਼

ਚੰਡੀਗੜ੍ਹ, 11 ਜੂਨ (ਅਜੀਤ ਬਿਊਰੋ)-ਸੂਬੇ ਵਿਚਲੀਆਂ ਅਹਿਮ ਥਾਵਾਂ ਨੂੰ ਸੈਲਾਨੀ ਕੇਂਦਰ ਵਜੋਂ ਵਿਕਸਿਤ ਕਰਨ ਲਈ ਪੰਜਾਬ ਦੇ ਸੱਭਿਆਚਾਰ ਅਤੇ ਸੈਰ-ਸਪਾਟਾ ਮੰਤਰੀ ਸ: ਨਵਜੋਤ ਸਿੰਘ ਸਿੱਧੂ ਨੇ ਅੱਜ ਵਿਭਾਗ ਦੇ ਉੱਚ ਅਧਿਕਾਰੀਆਂ ਅਤੇ ਸਬੰਧਿਤ ਧਿਰਾਂ ਨਾਲ ਮੀਟਿੰਗ ਕਰ ਕੇ ਵਿਆਪਕ ਤੇ ਕਾਰਗਰ ਖ਼ਾਕਾ ਉਲੀਕਿਆ। ਮੀਟਿੰਗ ਦੇ ਵੇਰਵੇ ਜਾਰੀ ਕਰਦਿਆਂ ਸ: ਸਿੱਧੂ ਨੇ ਦੱਸਿਆ ਕਿ ਸੂਬੇ ਵਿਚ ਸਥਿਤ ਵੱਖ-ਵੱਖ 30 ਥਾਵਾਂ ਨੂੰ ਸੈਲਾਨੀ ਕੇਂਦਰ ਵਜੋਂ ਵਿਕਸਤ ਕਰਨ



ਲਈ 590.97 ਕਰੋੜ ਰੁਪਏ ਨਾਲ ਮੁਕੰਮਲ ਕਾਇਆ ਕਲਪ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਸੈਲਾਨੀ ਕੇਂਦਰਾਂ ਦਾ ਧੁਰਾ ਹੋਵੇਗਾ ਜਿਥੇ ਇਨ੍ਹਾਂ 30 ਥਾਵਾਂ 'ਚੋਂ 11 ਥਾਵਾਂ ਅੰਮ੍ਰਿਤਸਰ ਦੇ ਆਸ-ਪਾਸ ਹਨ। ਸਾਰੇ ਪ੍ਰਾਜੈਕਟ ਇਕ ਸਾਲ ਦੇ ਅੰਦਰ-ਅੰਦਰ ਮੁਕੰਮਲ ਹੋਣਗੇ। ਇਨ੍ਹਾਂ ਥਾਵਾਂ 'ਤੇ ਸੈਲਾਨੀਆਂ ਦੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਲੈਂਡ ਸਕੇਪ, ਰੈਸਟੋਰੈਂਟ ਅਤੇ ਮੁੱਢਲੀਆਂ ਸਹੂਲਤਾਂ ਜਿਵੇਂ ਕਿ ਪਾਰਕਿੰਗ, ਪਾਖ਼ਾਨੇ

(ਬਾਕੀ ਸਫ਼ਾ 13 'ਤੇ)

# ਸੂਬੇ ਦੀਆਂ 30 ਥਾਵਾਂ ਬਣਨਗੀਆਂ ਸੈਲਾਨੀਆਂ ਲਈ...

(ਸਫਾ 1 ਦੀ ਬਾਕੀ)

ਆਦਿ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇਗਾ। ਸ: ਸਿੱਧੂ ਨੇ ਖ਼ਰਚ ਕੀਤੇ ਜਾਣ ਵਾਲੇ ਫ਼ੰਡਾਂ ਦਾ ਵੇਰਵਾ ਦਿੰਦਿਆਂ ਦੱਸਿਆ ਕਿ 590.97 ਕਰੋੜ 'ਚੋਂ 344 ਕਰੋੜ ਰੁਪਏ ਏਸ਼ੀਅਨ ਡਿਵੈੱਲਪਮੈਂਟ ਬੈਂਕ ਤੋਂ ਕਰਜ਼ੇ ਰਾਹੀਂ ਲਏ ਜਾ ਰਹੇ ਹਨ। ਇਸ ਤੋਂ ਇਲਾਵਾ ਭਾਰਤ ਸਰਕਾਰ ਦੀ ਸਵਦੇਸ਼ ਦਰਸ਼ਨ ਸਕੀਮ ਰਾਹੀਂ ਧਾਰਮਿਕ ਤੇ ਇਤਿਹਾਸਕ ਸ਼ਹਿਰਾਂ ਦੇ ਵਿਕਾਸ ਲਈ 96.97 ਕਰੋੜ ਰੁਪਏ ਦੀ ਪ੍ਰਵਾਨਗੀ ਮਿਲ ਗਈ ਹੈ। ਇਸੇ ਤਰ੍ਹਾਂ ਅੰਮ੍ਰਿਤਸਰ ਸ਼ਹਿਰ ਲਈ ਪ੍ਰਸ਼ਾਦ ਸਕੀਮ ਤਹਿਤ 50 ਕਰੋੜ ਰੁਪਏ ਖ਼ਰਚੇ ਜਾਣਗੇ। ਸੂਬੇ ਵਿਚ ਸਥਿਤ ਮੁਗ਼ਲ ਕਾਲ ਨਾਲ ਸਬੰਧਿਤ ਇਤਿਹਾਸਕ ਸੈਲਾਨੀ ਥਾਵਾਂ ਨੂੰ ਵਿਕਸਤ ਕਰਨ ਲਈ 100 ਕਰੋੜ ਰੁਪਏ ਦਾ ਪ੍ਰਾਜੈਕਟ 'ਮੁਗ਼ਲ ਸਰਕਟ' ਅਧੀਨ ਬਣਾਇਆ ਗਿਆ ਹੈ। ਇਨ੍ਹਾਂ ਸਾਰੇ ਪ੍ਰਾਜੈਕਟਾਂ ਦੇ ਮੁਕੰਮਲ ਹੋਣ ਤੋਂ ਬਾਅਦ 'ਮਹਾਰਾਜਾ ਸਰਕਟ' ਅਧੀਨ ਪੰਜਾਬ ਦੇ ਰਿਆਸਤੀ ਸ਼ਹਿਰਾਂ ਲਈ 100 ਕਰੋੜ ਰੁਪਏ ਦੀ ਹੋਰ ਪ੍ਰਾਜੈਕਟ ਰਿਪੋਰਟ ਬਣਾ ਕੇ ਭਾਰਤ ਸਰਕਾਰ ਨੂੰ ਭੇਜੀ ਜਾਵੇਗੀ। ਸ: ਸਿੱਧੂ ਨੇ ਦੱਸਿਆ ਕਿ ਉਹ ਖ਼ੁਦ ਸਾਰੇ ਅਧਿਕਾਰੀਆਂ ਅਤੇ ਸਬੰਧਿਤ ਸਲਾਹਕਾਰ ਧਿਰਾਂ ਨਾਲ ਮਿਲ ਕੇ ਇਨ੍ਹਾਂ ਥਾਵਾਂ ਦਾ ਦੌਰਾ ਕਰਨਗੇ। ਉਨ੍ਹਾਂ ਕਿਹਾ ਕਿ ਵਿਰਾਸਤੀ ਤੇ ਪੁਰਾਤਨ ਇਮਾਰਤਾਂ ਦੀ ਸਾਂਭ ਸੰਭਾਲ ਕਰਨ ਵਿਚ ਮਾਹਿਰ ਆਭਾ ਨਰਾਇਣ ਲਾਂਬਾ ਜੋ ਅੱਜ ਦੀ ਮੀਟਿੰਗ ਵਿਚ ਵਿਸ਼ੇਸ਼ ਤੌਰ 'ਤੇ ਹਾਜ਼ਰ ਸੀ ਅਤੇ ਨਾਮੀ ਕੰਪਨੀ ਫਰੈਂਕ ਦੇ ਨੁਮਾਇੰਦੇ ਵੀ ਉਨ੍ਹਾਂ ਨਾਲ ਦੌਰਾ ਕਰਨਗੇ। ਉਨ੍ਹਾਂ ਦੱਸਿਆ ਕਿ ਪੰਜਾਬ 'ਚ

**ਅਹਿਮ ਥਾਵਾਂ ਨੂੰ ਸੈਲਾਨੀ ਕੇਂਦਰ ਵਜੋਂ ਵਿਕਸਿਤ ਕਰਨ ਲਈ ਹੋਟਲ ਸਨਅਤ ਦੀਆਂ ਵੱਡੀਆਂ ਧਿਰਾਂ ਨੂੰ ਦਿੱਤਾ ਸੱਦਾ**

ਅਹਿਮ ਸੈਲਾਨੀ ਥਾਵਾਂ 'ਤੇ ਸਥਿਤ ਵਿਭਾਗ ਦੀਆਂ ਜਾਇਦਾਦਾਂ 'ਤੇ ਸਰਕਾਰੀ ਹੋਟਲ ਬਣਾਉਣ ਲਈ ਹੋਟਲ ਸਨਅਤ ਦੇ ਵੱਡੇ ਅਦਾਰਿਆਂ ਨੂੰ ਸੱਦਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪਿੰਕਾਸੀਆ (ਰੋਪੜ) ਨੂੰ ਸੈਲਾਨੀਆਂ ਲਈ ਵਿਕਸਿਤ ਕਰ ਕੇ ਮੁੜ ਵਰਤੋਂ ਵਿਚ ਲਿਆਂਦਾ ਜਾਵੇਗਾ। ਇਸ ਤੋਂ ਇਲਾਵਾ ਸੂਬੇ ਦੇ ਵੱਖ-ਵੱਖ ਹਿੱਸਿਆਂ ਜਿਵੇਂ ਕਿ ਵਿਰਸਤ-ਏ-ਖ਼ਾਲਸਾ ਸ੍ਰੀ ਅਨੰਦਪੁਰ ਸਾਹਿਬ, ਸ਼ਹੀਦ ਭਗਤ ਸਿੰਘ ਮਿਊਜ਼ੀਅਮ ਖਟਕੜ ਕਲਾਂ (ਨਵਾਂ ਸ਼ਹਿਰ), ਮਲੋਟ-ਅਬੋਹਰ ਰੋਡ 'ਤੇ ਸਥਿਤ ਵਿਭਾਗ ਦੀ ਜਗ੍ਹਾ ਉੱਪਰ ਪੀ. ਪੀ. ਪੀ. ਮੋਡ 'ਤੇ ਸੈਲਾਨੀਆਂ ਲਈ ਖਾਣ-ਪੀਣ ਲਈ ਰੈਸਟੋਰੈਂਟ ਆਦਿ ਖੋਲ੍ਹਣ ਬਾਰੇ ਵੀ ਨਿਰਦੇਸ਼ ਦਿੱਤੇ। ਅੰਮ੍ਰਿਤਸਰ ਵਿਖੇ ਟਾਊਨ ਹਾਲ 'ਚ ਉੱਤਮ ਦਰਜੇ ਦੀ ਫੂਡ ਸਟਰੀਟ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹੋਵੇਗੀ। ਜਿਸ ਲਈ ਟੈਂਡਰ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਉਨ੍ਹਾਂ ਸੈਲਾਨੀਆਂ ਲਈ ਵਿਕਸਤ ਕੀਤੀਆਂ ਜਾਣ ਵਾਲੀਆਂ ਥਾਵਾਂ ਦੇ ਵੇਰਵੇ ਦਿੰਦਿਆ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਰੋਜ਼ਾਨਾ ਇਕ ਲੱਖ ਤੋਂ ਵੱਧ ਸ਼ਰਧਾਲੂ ਆਉਂਦੇ ਹਨ। ਇਸ ਤੋਂ ਇਲਾਵਾ ਅੰਮ੍ਰਿਤਸਰ ਵਿਖੇ ਹੀ ਹੈਰੀਟੇਜ ਸਟਰੀਟ, ਵਾਹਗਾ-ਅਟਾਰੀ ਕੌਮਾਂਤਰੀ ਸਰਹੱਦ, ਗੋਬਿੰਦਗੜ੍ਹ ਕਿਲ੍ਹਾ, ਜਲ੍ਹਿਆਂਵਾਲਾ ਬਾਗ਼, ਪਾਰਟੀਸ਼ੀਨ ਮਿਊਜ਼ੀਅਮ, ਵਾਰ ਮੈਮੋਰੀਅਲ, ਪੁਲ ਮੋਰਾਂ, ਭਗਵਾਨ ਵਾਲਮੀਕਿ ਜੀ ਤੀਰਥ ਸਥਾਨ, ਫੂਡ ਸਟਰੀਟ, ਮਹਾਰਾਜਾ ਰਣਜੀਤ ਸਿੰਘ ਸਮਰ ਪੈਲੇਸ (ਰਾਮ ਬਾਗ਼), ਸਾਡਾ ਪਿੰਡ ਸਥਿਤ ਹੈ। ਇਸ ਤੋਂ ਇਲਾਵਾ ਰੋਪੜ ਵਿਖੇ ਮਹਾਰਾਜਾ ਰਣਜੀਤ ਸਿੰਘ ਤੇ ਲਾਰਡ ਵਿਲੀਅਮ ਬੈਂਟਿੰਗ ਸੰਧੀ ਸਥਾਨ, ਕਿਲ੍ਹਾ ਬਠਿੰਡਾ, ਕਿਲ੍ਹਾ ਪੱਟੀ, ਬਹਾਦਰਗੜ੍ਹ ਕਿਲ੍ਹਾ (ਪਟਿਆਲਾ), ਥੀਮ ਪਾਰਕ ਚਮਕੌਰ ਸਾਹਿਬ, ਆਮ ਖ਼ਾਸ ਬਾਗ਼ ਸਰਹਿੰਦ, ਕਲਾਨੌਰ (ਮੁਗ਼ਲ ਬਾਦਸ਼ਾਹ ਅਕਬਰ ਦਾ ਤਾਜਪੋਸ਼ੀ ਸਥਾਨ), ਸਮਾਧ ਬਾਬਾ ਆਲਾ ਸਿੰਘ ਜੀ, ਸ਼ਹੀਦ ਏ ਆਜ਼ਮ ਸ. ਭਗਤ ਸਿੰਘ ਮਿਊਜ਼ੀਅਮ ਖਟਕੜ ਕਲਾਂ, ਜੰਗ-ਏ-ਆਜ਼ਾਦੀ ਯਾਦਗਾਰ ਕਰਤਾਰਪੁਰ, ਸਰਾਏ ਲਸ਼ਕਰੀ ਖਾਂ ਦੋਰਾਹਾ, ਸਰਾਏ ਸ਼ੰਭੂ, ਸਰਾਏ ਨੂਰਮਹਿਲ, ਬਨਾਸਰ ਬਾਗ਼ ਸੰਗਰੂਰ, ਕੌਮੀ ਸ਼ਹੀਦਾਂ ਦੀ ਯਾਦਗਾਰ ਹੁਸੈਨੀਵਾਲਾ, ਦਰਬਾਰ ਹਾਲ ਕਪੂਰਥਲਾ, ਮੋਰਿਸ ਮਸਜਿਦ ਕਪੂਰਥਲਾ ਸ਼ਾਮਿਲ ਹਨ। ਮੀਟਿੰਗ ਵਿਚ ਵਿਭਾਗ ਦੇ ਸਕੱਤਰ ਵਿਕਾਸ ਪ੍ਰਤਾਪ, ਡਾਇਰੈਕਟਰ ਸ਼ਿਵ ਦੁਲਾਰ ਸਿੰਘ ਢਿੱਲੋਂ, ਆਭਾ ਨਾਰਾਇਣ ਲਾਂਬਾ ਸਮੇਤ ਹੋਰ ਅਧਿਕਾਰੀ ਤੇ ਕੰਸਲਟੈਂਟ ਹਾਜ਼ਰ ਸਨ।